# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੋਹਾਲੀ)**

**ਫੋਨ ਨੰ. 0172-5212345/349, ਈ-ਮੇਲ rmsa.civilworks@punjabeducation.gov.in**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.)

ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀ)

ਪੰਜਾਬ।

ਮੀਮੋ ਨੰ. ਸਸਅ/494380/ਸਿਵਲ ਵਰਕਸ/2023/30९१7

ਮਿਤੀ 03/11/2023

**ਵਿਸ਼ਾ** **ਸਾਲ 2023-24 ਤਹਿਤ ਸੈਨੇਟਰੀ ਨੈਪਕਿਨ ਦੀ ਸਪਲਾਈ ਦੀਆਂ ਹਦਾਇਤਾਂ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਾਲ 2023-24 ਅਧੀਨ 6ਵੀਂ ਤੋਂ 12 ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ ਸੈਨੇਟਰੀ ਨੈਪਕਿਨ ਮੁਹੱਈਆ ਕਰਵਾਉਣ ਹਿੱਤ 02 ਫਰਮਾਂ ਨੂੰ ਸਪਲਾਈ ਆਰਡਰ ਜਾਰੀ ਕਰ ਦਿੱਤਾ ਗਿਆ ਹੈ। ਬਲਾਕ ਵਾਈਜ ਅਤੇ ਸਕੂਲ ਵਾਈਜ ਸੈਨੇਟਰੀ ਨੈਪਕਿਨ ਦੀ ਗਿਣਤੀ ਦੀ ਸਾਰਣੀ ਨਾਲ ਨੱਥੀ ਕੀਤੀ ਜਾਂਦੀ ਹੈ। ਹਰ ਬਲਾਕ ਦੇ ਇਕ ਸਕੂਲ ਨੂੰ ਨੋਡਲ ਸਕੂਲ ਬਣਾਇਆ ਗਿਆ ਹੈ ਜਿਸ ਦੀ ਕਾਪੀ ਨਾਲ ਨੱਥੀ ਹੈ। ਫਰਮ ਵਲੋਂ ਸੈਨੇਟਰੀ ਨੈਪਕਿਨ ਬਲਾਕ ਪੱਧਰ ਤੇ ਨੋਡਲ ਸਕੂਲਾਂ ਵਿਚ ਮੁਹੱਈਆ ਕਰਵਾਏ ਜਾਣਗੇ (ਬਲਾਕ ਵਾਈਜ਼ ਨੈਪਕਿਨ ਪ੍ਰਾਪਤ ਕਰਨ ਦੀ ਸੂਚੀ ਨਾਲ ਨੱਥੀ ਹੈ)। ਇਨ੍ਹਾਂ ਬਲਾਕਾਂ ਦੇ ਨੋਡਲ ਸਕੂਲਾਂ ਦੇ ਮੁੱਖਿਆ ਨੂੰ ਹਦਾਇਤਾਂ ਜਾਰੀ ਕਰਨੀਆਂ ਬਣਦੀਆਂ ਹਨ ਤਾ ਜੋ ਸਪਲਾਈ ਦੇ ਵਿੱਚ ਇੱਕਸਾਰਤਾ ਬਣੀ ਰਹੇ। ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. 6ਵੀਂ ਤੋਂ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Large size ਦੇ ਸੈਨੇਟਰੀ ਨੈਪਕਿਨ ਅਤੇ 11ਵੀਂ ਤੋਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Extra Large Size ਦੇ ਸੈਨੇਟਰੀ ਨੈਪਕਿਨ ਪ੍ਰਾਪਤ ਕੀਤੇ ਜਾਣ। ਹਰੇਕ ਪੈਕਟ ਵਿਚ 9 ਸੈਨੇਟਰੀ ਨੈਪਕਿਨ ਉਪਲੱਬਧ ਹਨ।
2. ਸਕੂਲ ਵਿੱਚ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਦੀ ਗਿਣਤੀ ਅਨੁਸਾਰ 27 ਨੈਪਕਿਨ (@9 ਨੈਪਕਿਨ ਪ੍ਰਤੀ ਮਹੀਨਾ) ਪ੍ਰਤੀ ਵਿਦਿਆਰਥਣ ਪ੍ਰਾਪਤ ਕੀਤੇ ਜਾਣ। ਇਹ ਦੱਸਣਯੋਗ ਹੈ ਕਿ 03 ਮਹੀਨਾ ਲਈ ਸੈਨੇਟਰੀ ਨੈਪਕਿਨ ਦਿੱਤੇ ਜਾ ਰਹੇ ਹਨ। ਇਸ ਲਈ ਪ੍ਰਤੀ ਵਿਦਿਆਰਥਣ ਲਈ 03 ਪੈਕਟ ਪ੍ਰਾਪਤ ਕੀਤੇ ਜਾਣ।
3. ਕਿਸੇ ਵੀ ਹਾਲਤ ਵਿੱਚ ਸਕੂਲ ਵੱਲੋਂ Loose ਸੈਨੇਟਰੀ ਨੈਪਕਿਨ ਪ੍ਰਾਪਤ ਨਾ ਕੀਤੇ ਜਾਣ।
4. ਨੋਡਲ ਪ੍ਰਿੰਸੀਪਲ/ ਇੰਨਚਾਰਜ ਵੱਲੋਂ ਬਲਾਕ ਪੱਧਰ ਤੇ ਪ੍ਰਾਪਤ ਕੀਤੇ ਕੁੱਲ ਨੈਪਕਿਨਸ ਦੀ ਰਸੀਦ ਫਰਮ ਦੇ ਪ੍ਰਤੀਨਿਧੀ ਨੂੰ ਜਾਰੀ ਕੀਤੀ ਜਾਵੇ ਅਤੇ ਉਸ ਦੀ ਇੱਕ ਕਾਪੀ ਸਕੂਲ ਦੇ ਰਿਕਾਰਡ ਵਿੱਚ ਲਗਾਈ ਜਾਵੇ।
5. ਨੋਡਲ ਪ੍ਰਿੰਸੀਪਲ/ ਇੰਨਚਾਰਜ ਵੱਲੋਂ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਦੋ ਦਿਨਾਂ ਦੇ ਅੰਦਰ ਨੈਪਕਿਨਸ ਮੁਹੱਈਆ ਕਰਵਾਕੇ Large Size ਲਈ Proforma (A) ਅਤੇ Extra Large Size ਲਈ Proforma (B) ਵਿੱਚ ਸੂਚਨਾ ਭਰਵਾਈ ਜਾਵੇ। ਇਹ proforma ਨੋਡਲ ਪ੍ਰਿੰਸੀਪਲ/ ਇੰਨਚਾਰਜ ਵੱਲੋਂ ਨੈਪਕਿਨਸ ਪ੍ਰਾਪਤ ਹੋਣ ਉਪਰੰਤ 03 ਦਿਨਾਂ ਦੇ ਅੰਦਰ-ਅੰਦਰ signed scanned copy (pdf file) ਇਸ ਸ਼ਾਖਾ ਦੇ ਹੇਠ ਲਿਖੇ ਲਿੰਕ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ। proforma ਵਿੱਚ ਕੋਈ ਵੀ column ਖਾਲੀ ਨਹੀਂ ਛੱਡਿਆ ਜਾਵੇ।

   **https://drive.google.com/drive/folders/128WK8Vm4xo1KVP51eng9g0kajYdYz014?usp=sharing**
6. ਉਕਤ ਨੁਕਤਾ ਨੰ. 5 ਸਬੰਧੀ ਇਥੇ ਦੱਸਣਾ ਯੋਗ ਹੋਵੇਗਾ ਕਿ ਨੋਡਲ ਸਕੂਲਾਂ ਅਧੀਨ ਆਉਂਦੇ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਸੈਨੇਟਰੀ ਨੈਪਕਿਨ ਨੂੰ 02 ਦਿਨਾਂ ਦੇ ਅੰਦਰ-ਅੰਦਰ ਨੋਡਲ ਸਕੂਲਾਂ ਤੋਂ ਨਾਲ ਨੱਥੀ ਲਿਸਟ

ਮੁਤਾਬਿਕ ਪ੍ਰਾਪਤ ਕਰ ਲਏ ਜਾਣ ਅਤੇ ਵਿਦਿਆਥਣਾਂ ਵਿੱਚ ਜਲਦ ਤੋਂ ਜਲਦ ਵੰਡ ਦਿੱਤੇ ਜਾਣ। **ਕਿਸੇ ਵੀ ਦੇਰੀ/ਅਣਗਹਿਲੀ ਦੇ ਸੂਰਤ ਵਿੱਚ ਜਿੰਮੇਵਾਰੀ ਸਬੰਧਤ ਪ੍ਰਾਪਤ ਕਰਤਾ ਸਕੂਲ ਮੁੱਖੀ ਦੀ ਹੋਵੇਗੀ।**

7. ਨੈਪਕਿਨਸ ਰਸੀਵ ਕਰਨ ਸਮੇਂ ਸਕੂਲ ਵੱਲੋਂ ਪ੍ਰਾਪਤ ਕੀਤੇ ਕੁੱਲ ਸੈਨੇਟਰੀ ਨੈਪਕਿਨ ਨੂੰ ਸਕੂਲ ਦੇ ਸਟਾਕ ਰਜਿਸਟਰ ਵਿੱਚ ਦਰਜ ਕਰਨ ਲਈ ਨਾਲ ਲੈ ਕੇ ਆਉਣ ਦੀ ਵੀ ਹਦਾਇਤ ਕੀਤੀ ਜਾਵੇ ਤਾਂ ਜੋ ਨੋਡਲ ਸਕੂਲਾਂ ਵੱਲੋਂ ਪ੍ਰੋਫੋਰਮੇਂ ਵਿੱਚ ਸੂਚਨਾ ਉਸੇ ਵੇਲੇ ਮੁਕੰਮਲ ਕਰਵਾਈ ਜਾਵੇ। ਸਟਾਕ ਰਜਿਸਟਰ ਵਿਚ ਪੇਜ ਨੰਬਰ ਦੀ ਐਂਟਰੀ ਲਾਜਮੀ ਭਰੀ ਜਾਵੇ।
8. ਬਲਾਕ ਪੱਧਰ ਤੇ ਸਕੂਲਾਂ ਦੀ consolidate ਰਿਪੋਰਟ ਭੇਜੀ ਜਾਵੇ। **ਸਕੂਲਾਂ ਵੱਲੋਂ ਪ੍ਰਾਪਤ E-mail ਨੂੰ ਵਿਚਾਰਿਆ ਨਹੀਂ ਜਾਵੇਗਾ।**
9. ਵਿਦਿਆਰਥਣਾਂ ਨੂੰ ਸੈਨੇਟਰੀ ਨੈਪਕਿਨ ਵੰਡਣ ਬਾਰੇ ਵੀ ਸਕੂਲ ਪੱਧਰ ਤੇ ਰਿਕਾਰਡ ਮੇਨਟੇਨ ਕੀਤਾ ਜਾਵੇ, ਤਾਂ ਜੋ Inspection ਦੌਰਾਨ ਉੱਚ ਅਧਿਕਾਰੀਆਂ ਵੱਲੋਂ ਇਸ ਨੂੰ ਚੈਕ ਕੀਤਾ ਜਾ ਸਕੇ।
10. ਹਰ ਇੱਕ ਸਕੂਲ ਵੱਲੋਂ ਪ੍ਰਾਪਤ ਕੀਤੇ ਅਤੇ ਵੰਡੇ ਗਏ ਸੈਨੀਟਰੀ ਨੈਪਕਿਨ ਦਾ ਇੰਦਰਾਜ epunjab Portal ਉੱਤੇ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਪੱਤਰ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

03/11/23

**ਸਹਾਇਕ ਡਾਇਰੈਕਟਰ (ਈ. ਐਂਡ ਆਈ.)**
**ਪੰਜਾਬ।**

**ਪਿੱਠ ਅੰਕਣ ਨੰ:** ਸਸਅ/ਸਿਵਲ ਵਰਕਸ/2023/ਉ੨੩

**ਮਿਤੀ** 03/11/23

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।
2. ਪੀ.ਏ ਟੂ ਡੀ.ਜੀ.ਐਸ.ਈ, ਪੰਜਾਬ ਜੀ।
3. ਪੀ.ਏ ਟੂ ਡੀ.ਐਸ,ਈ, (ਸੈ.) ਪੰਜਾਬ ਜੀ।

03/11/23

**ਸਹਾਇਕ ਡਾਇਰੈਕਟਰ (ਈ. ਐਂਡ ਆਈ.)**
**ਪੰਜਾਬ।**